ਕਾਂਗੋ ਨਦੀ 'ਚ 2 ਕਿਸ਼ਤੀਆਂ ਦੀ ਟੱਕਰ, 30 ਲੋਕਾਂ ਦੀ ਮੌਤ

ਕਿੰਸ਼ਾਸਾ, 5 ਅਕਤੂਬਰ (ਏਜੰਸੀ)- ਕਾਂਗੋ ਨਦੀ ਵਿਚ ਹਫ਼ਤੇ ਦੇ ਅਖੀਰ ਵਿਚ 2 ਕਿਸ਼ਤੀਆਂ ਵਿਚਾਲੇ ਹੋਈ ਟੱਕਰ 'ਚ ਘੱਟੋ-ਘੱਟ 30 ਲੋਕਾਂ ਦੀ ਮੌਤ ਹੋ ਗਈ ਅਤੇ ਦਰਜਨਾਂ ਹੋਰ ਲੋਕ ਲਾਪਤਾ ਹਨ। ਕਾਂਗੋ ਦੇ ਸਥਾਨਕ ਅਧਿਕਾਰੀਆਂ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ।

ਸੂਬੇ ਦੇ ਗ੍ਰਹਿ ਮੰਤਰੀ ਕ੍ਰਿਸਪਿਨ ਮਪੁਤੂ ਦੇ ਅਨੁਸਾਰ, ਮੋਟਰ ਨਾਲ ਚੱਲਣ ਵਾਲੀਆਂ ਲੱਕੜ ਦੀਆਂ ਕਿਸ਼ਤੀਆਂ ਐਤਵਾਰ ਨੂੰ ਇਕਵੇਟਰ ਸੂਬੇ ਦੇ ਨਗੋਮਬੇ-ਲੁਕੋਲੇਲਾ ਇਲਾਕੇ ਦੇ ਨੇੜੇ ਇਕ-ਦੂਜੇ ਨਾਲ ਟਕਰਾਅ ਗਈਆਂ। ਟੱਕਰ ਦੇ ਕਾਰਨਾਂ ਦਾ ਤੁਰੰਤ ਪਤਾ ਨਹੀਂ ਚੱਲ ਸਕਿਆ ਹੈ।

ਮੰਤਰੀ ਨੇ ਦੱਸਿਆ ਕਿ ਹਾਦਸੇ ਵਿਚ ਮਾਰੇ ਗਏ 30 ਲੋਕਾਂ ਨੂੰ ਪਹਿਲਾਂ ਹੀ ਦਫ਼ਨਾ ਦਿੱਤਾ ਗਿਆ ਹੈ। ਮਪੁਤੂ ਨੇ ਦੱਸਿਆ ਕਿ ਇਕ ਕਿਸ਼ਤੀ ਉੱਤਰ-ਪੱਛਮ 'ਚ ਉਬਾਂਗੀ ਤੋਂ ਰਾਜਧਾਨੀ ਕਿੰਸ਼ਾਸਾ ਜਾ ਰਹੀ ਸੀ, ਜਦਕਿ ਦੂਜੀ ਕਿੰਸ਼ਾਸਾ ਤੋਂ ਲੁਕੋਲੇਲਾ ਜਾ ਰਹੀ ਸੀ ਜੋ ਟੱਕਰ ਵਾਲੀ ਜਗ੍ਹਾ ਦੇ ਕਾਫ਼ੀ ਨੇੜੇ ਹੈ। ਉਨ੍ਹਾਂ ਦੱਸਿਆ ਕਿ ਹੋਰ ਪੀੜਤਾਂ ਅਤੇ ਜ਼ਿੰਦਾ ਬਚੇ ਲੋਕਾਂ ਦੀ ਭਾਲ ਲਈ ਮੁਹਿੰਮ ਜਾਰੀ ਹੈ।

ਨਾਈਜੀਰੀਆ ਵਿਚ 32 ਲੋਕਾਂ ਨੂੰ ਲੈ ਕੇ ਜਾ ਰਿਹਾ ਫ਼ੌਜੀ ਜਹਾਜ਼ ਹਾਦਸਾਗ੍ਰਸਤ

ਓਡੂ, 5 ਅਕਤੂਬਰ (ਏਜੰਸੀ)-ਦੱਖਣੀ ਨਾਈਜੀਰੀਆ ਵਿਚ 25 ਯਾਤਰੀਆਂ ਅਤੇ ਚਾਲਕ ਦਲ ਦੇ 7 ਮੈਂਬਰਾਂ ਨੂੰ ਲੈ ਕੇ ਜਾ ਰਿਹਾ ਇਕ ਫ਼ੌਜੀ ਜਹਾਜ਼ ਸੋਮਵਾਰ ਨੂੰ ਹਾਦਸਾਗ੍ਰਸਤ ਹੋ ਗਿਆ। ਉਨ੍ਹਾਂ ਦੱਸਿਆ ਕਿ ਹਾਦਸੇ ਤੋਂ ਬਾਅਦ ਬਚਾਅ ਮੁਹਿੰਮ ਸ਼ੁਰੂ ਕੀਤੀ ਗਈ।

ਨਾਈਜੀਰੀਆ ਦੇ ਐਵੀਏਸ਼ਨ ਮਨਿਸਟਰ ਫੈਸਟਸ ਕੀਆਮੋ ਨੇ ਇਕ ਬਿਆਨ ਵਿਚ ਦੱਸਿਆ ਕਿ ਆਪਣੇ ਮਿਸ਼ਨ 'ਤੇ ਦੇਸ਼ ਦੀ ਆਰਥਿਕ ਰਾਜਧਾਨੀ ਲਾਗੋਸ ਜਾ ਰਿਹਾ ਜਹਾਜ਼ ਓਡੋ ਸੂਬੇ ਦੇ ਇਗਬੋਕੋਡਾ ਇਲਾਕੇ ਵਿਚ ਹਾਦਸਾਗ੍ਰਸਤ ਹੋ ਗਿਆ। ਤੁਰੰਤ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਇਸ ਹਾਦਸੇ ਵਿਚ ਕੋਈ ਜਾਨੀ ਨੁਕਸਾਨ ਹੋਇਆ ਹੈ ਜਾਂ ਨਹੀਂ ਅਤੇ ਜਹਾਜ਼ ਨੂੰ ਕਿੰਨਾ ਨੁਕਸਾਨ ਪਹੁੰਚਿਆ ਹੈ।

ਪੰਜਾਬ ਸਰਕਾਰ

ਟੈਂਡਰ/ਆਰ. ਐੱਫ. ਪੀ. ਰੈਫਰੈਂਸ ਨੰ. ਐੱਮ. ਸੀ. ਮੁਕੇਰੀਆਂ/2026-27/2, ਮਿਤੀ : 01.10.2026
ਵਿਭਾਗ, ਸਥਾਨਕ ਸਰਕਾਰ, ਐੱਮ. ਸੀ. ਮੁਕੇਰੀਆਂ ਟੈਂਡਰਾਂ/ਆਰ. ਐੱਫ. ਪੀ. (ਸਿਵਲ ਕੰਮ ਤੇ ਸਪਲਾਈ) ਲਈ ਆਨਲਾਈਨ ਬੋਲੀਆਂ ਦਾ ਸੱਦਾ ਦਿੰਦਾ ਹੈ।
ਸ਼ੁਰੂ ਹੋਣ ਦੀ ਮਿਤੀ ਤੇ ਸਮਾਂ : 01.10.2026 ਸਵੇਰੇ 10 ਵਜੇ
ਬੰਦ ਹੋਣ ਦੀ ਮਿਤੀ ਤੇ ਸਮਾਂ : 14.10.2026 ਸ਼ਾਮ 5 ਵਜੇ
ਵਿਸਤ੍ਰਿਤ ਜਾਣਕਾਰੀ ਲਈ ਲਾਗਇਨ ਕਰੋ : http://eproc.punjab.gov.in
ਨੋਟ : ਟੈਂਡਰ/ਆਰ. ਐੱਫ. ਪੀ. ਨੋਟਿਸ ਸਬੰਧੀ ਕੋਈ ਸੋਧ (ਜੇ) ਸਿਰਫ਼ ਉਪਰੋਕਤ ਵੈੱਬਸਾਈਟ 'ਤੇ ਦਿੱਤੀ ਜਾਵੇਗੀ।
ਸਹੀ/- ਪ੍ਰਧਾਨ, ਮਿਊਂਸੀਪਲ ਕੌਂਸਲ ਮੁਕੇਰੀਆਂ — ਸਹੀ/- ਕਾਰਜਕਾਰੀ ਅਧਿਕਾਰੀ, ਮਿਊਂਸੀਪਲ ਕੌਂਸਲ ਮੁਕੇਰੀਆਂ
PR/2345/12/2026-27/15835

ਪੰਜਾਬ ਸਕੂਲ ਸਿੱਖਿਆ ਬੋਰਡ

ਟੈਂਡਰ ਨੋਟਿਸ ਰੈਫਰੈਂਸ ਨੰ. ਪੀ. ਐੱਸ. ਈ. ਬੀ./ਪੀ. ਯੂ. ਬੀ.-02/2026
ਪੰਜਾਬ ਸਕੂਲ ਸਿੱਖਿਆ ਬੋਰਡ ਵਿਭਾਗ ਵਲੋਂ ਹੇਠ ਲਿਖੀ ਆਈਟਮ ਲਈ ਆਨਲਾਈਨ ਬੋਲੀਆਂ ਦਾ ਸੱਦਾ ਦਿੱਤਾ ਜਾਂਦਾ ਹੈ—

ਲੜੀ ਨੰ.	ਆਈਟਮ	ਮਾਤਰਾ
1	ਸਾਲ 2027 ਲਈ ਗਰੁੱਪ ਏ ਤੇ ਬੀ ਦੀਆਂ ਓ. ਐੱਮ. ਆਰ. ਸ਼ੀਟਾਂ ਸਮੇਤ ਉੱਤਰ ਪੁਸਤਕਾਂ ਦਾ ਨਿਰਮਾਣ, ਛਪਾਈ (ਪੇਪਰ ਸਮੇਤ) ਤੇ ਸਪਲਾਈ	ਜ਼ਰੂਰਤ ਅਨੁਸਾਰ

ਬੰਦ ਹੋਣ ਦੀ ਮਿਤੀ ਤੇ ਸਮਾਂ : 27.10.2026 ਬਾ. ਦੁ. 1 ਵਜੇ
ਵਿਸਤ੍ਰਿਤ ਜਾਣਕਾਰੀ ਲਈ ਲਾਗਇਨ ਕਰੋ : www.pseb.ac.in
ਨੋਟ : ਟੈਂਡਰ ਨੋਟਿਸ ਸਬੰਧੀ ਕੋਈ ਸੋਧ (ਜੇ) ਸਿਰਫ਼ ਉਪਰੋਕਤ ਵੈੱਬਸਾਈਟ 'ਤੇ ਦਿੱਤੀ ਜਾਵੇਗੀ।
ਸਹੀ/- ਡਿਪਟੀ ਸੈਕ੍ਰੇਟਰੀ, ਪੰਜਾਬ ਸਕੂਲ ਸਿੱਖਿਆ ਬੋਰਡ, ਐੱਸ. ਏ. ਐੱਸ. ਨਗਰ
PR/1640/12/2026-27/15870

Notice Inviting Bids
Punjab Waqf Board

The Punjab Waqf Board intends to lease out its following waqf properties located in Distt. Jalandhar as per the waqf Properties Lease Rules, 2014/2020 through bids to be held on 13.10.2026 at 10 am to 3pm at the premises i.e Office of Punjab Waqf Board, Dargah Imam Nasir, Jalandhar.

Sr. No.	Property Description: Location	Khasra /MC Nos.	Area	Purpose	Period	Reserve Price(Rs.)
1.	Village Langarian Tehsil Phillaur District Jalandhar	148/2 min	31K-00M	Agriculture	3 years	Rs. 2895/- PKPA

E.O/ PWB/JAL. No. 5370 — Dated 5/10/26

The interested persons may contact Estate Officer PWB Jalandhar at the above mentioned address; on dated 23.09.2026, Reserve price is declared as PK/PA for Agriculture purpose and Per Sq.feet/ per Sq.Yds on monthly basis for commercial and residential purpose as mentioned above, Remaining terms and conditions will be declared on the spot prior to start the bidding process.

Sd/-Estate Officer, PWB-Jalandhar

ਕਿਊਬਾ ਨੇ ਭਾਰਤੀ ਕੰਪਨੀਆਂ ਨੂੰ ਦਿੱਤਾ ਖੇਤੀ ਦਾ ਸੱਦਾ, ਕਿਹਾ-ਜ਼ਮੀਨ ਸਾਡੀ, ਉਤਪਾਦਨ ਤੁਹਾਡਾ

ਨਵੀਂ ਦਿੱਲੀ, 5 ਅਕਤੂਬਰ (ਇੰਟ.)- ਅਮਰੀਕੀ ਨਾਕਾਬੰਦੀ ਕਾਰਨ ਭੋਜਨ ਅਤੇ ਊਰਜਾ ਸੰਕਟ ਨਾਲ ਜੂਝ ਰਹੇ ਕਿਊਬਾ ਨੇ ਭਾਰਤੀ ਕੰਪਨੀਆਂ ਨੂੰ ਆਪਣੇ ਦੇਸ਼ ਵਿਚ ਖੇਤੀ ਕਰਨ ਦਾ ਸੱਦਾ ਦਿੱਤਾ ਹੈ। ਕਿਊਬਾ ਨੇ ਭਾਰਤੀ ਕੰਪਨੀਆਂ ਨੂੰ ਚੌਲ, ਬੀਨਜ਼ ਅਤੇ ਗੰਨੇ ਦੀ ਖੇਤੀ ਲਈ ਜ਼ਮੀਨ ਮੁਹੱਈਆ ਕਰਵਾਉਣ ਦਾ ਪ੍ਰਸਤਾਵ ਰੱਖਿਆ ਹੈ। ਕਿਊਬਾ ਦਾ ਕਹਿਣਾ ਹੈ ਕਿ ਇੱਥੇ ਪੈਦਾ ਕੀਤੀ ਫ਼ਸਲ ਦੀ ਵਰਤੋਂ ਘਰੇਲੂ ਲੋੜਾਂ ਪੂਰੀਆਂ ਕਰਨ ਦੇ ਨਾਲ-ਨਾਲ ਦੂਜੇ ਦੇਸ਼ਾਂ ਨੂੰ ਬਰਾਮਦ ਕਰਨ ਲਈ ਵੀ ਕੀਤੀ ਜਾ ਸਕਦੀ ਹੈ।

'ਮਿਲ ਕੇ ਉਤਪਾਦਨ ਕਰੀਏ'

ਭਾਰਤ ਵਿਚ ਕਿਊਬਾ ਦੇ ਰਾਜਦੂਤ ਜੁਆਨ ਕਾਰਲੋਸ ਮਾਰਸਾਨ ਅਗੁਏਲੇਰਾ ਨੇ ਕਿਹਾ ਕਿ ਜੇ ਕਿਊਬਾ ਕੋਲ ਭਾਰਤ ਤੋਂ ਆਪਣੀ ਲੋੜ ਦੀਆਂ ਸਾਰੀਆਂ ਖਾਧ ਵਸਤਾਂ ਖਰੀਦਣ ਦੀ ਵਿੱਤੀ ਸਮਰੱਥਾ ਨਹੀਂ ਹੈ, ਤਾਂ ਦੋਵੇਂ ਦੇਸ਼ ਮਿਲ ਕੇ ਉਤਪਾਦਨ ਕਿਉਂ ਨਾ ਕਰਨ।

ਉਨ੍ਹਾਂ ਕਿਹਾ ਕਿ ਕਿਊਬਾ ਭਾਰਤੀ ਕੰਪਨੀਆਂ ਨੂੰ ਜ਼ਮੀਨ ਮੁਹੱਈਆ ਕਰਵਾ ਸਕਦਾ ਹੈ ਤਾਂ ਕਿ ਭਾਰਤੀ ਕੰਪਨੀਆਂ ਉੱਥੇ ਜਾ ਕੇ ਚੌਲ, ਬੀਨਜ਼ ਅਤੇ ਗੰਨੇ ਦਾ ਉਤਪਾਦਨ ਕਰ ਸਕਣ। ਉਤਪਾਦ ਦਾ ਇਕ ਹਿੱਸਾ ਦੂਜੇ ਬਾਜ਼ਾਰਾਂ ਵਿਚ ਬਰਾਮਦ ਵੀ ਕੀਤਾ ਜਾ ਸਕਦਾ ਹੈ।

ਭਾਰਤ-ਕਿਊਬਾ ਵਪਾਰ ਵਿਚ 31 ਫੀਸਦੀ ਵਾਧਾ

ਭਾਰਤ ਅਤੇ ਕਿਊਬਾ ਵਿਚਾਲੇ ਰਵਾਇਤੀ ਤੌਰ 'ਤੇ ਦੋਸਤਾਨਾ ਸਬੰਧ ਰਹੇ ਹਨ। 1959 ਦੀ ਕ੍ਰਾਂਤੀ ਤੋਂ ਬਾਅਦ ਕਿਊਬਾ ਦੀ ਸਰਕਾਰ ਨੂੰ ਮਾਨਤਾ ਦੇਣ ਵਾਲੇ ਸ਼ੁਰੂਆਤੀ ਦੇਸ਼ਾਂ ਵਿਚ ਭਾਰਤ ਸ਼ਾਮਲ ਸੀ ਅਤੇ 1960 'ਚ ਦੋਵਾਂ ਦੇਸ਼ਾਂ ਵਿਚਾਲੇ ਕੂਟਨੀਤਕ ਸਬੰਧ ਸਥਾਪਤ ਹੋਏ ਸਨ। ਵਣਜ ਅਤੇ ਉਦਯੋਗ ਮੰਤਰਾਲੇ ਦੇ ਅੰਕੜਿਆਂ ਅਨੁਸਾਰ 2025-26 ਵਿਚ ਦੋਵਾਂ ਦੇਸ਼ਾਂ ਵਿਚਾਲੇ ਵਪਾਰ 31 ਫੀਸਦੀ ਵਧ ਕੇ 2.43 ਕਰੋੜ ਡਾਲਰ ਹੋ ਗਿਆ, ਜੋ ਇਕ ਸਾਲ ਪਹਿਲਾਂ 1.85 ਕਰੋੜ ਡਾਲਰ ਸੀ।

ਊਰਜਾ ਖੇਤਰ ਵਿਚ ਵੀ ਭਾਰਤ ਤੋਂ ਸਹਿਯੋਗ ਚਾਹੁੰਦਾ ਹੈ ਕਿਊਬਾ

ਅਗੁਏਲੇਰਾ ਨੇ ਕਿਹਾ ਕਿ ਕਿਊਬਾ ਹੁਣ ਊਰਜਾ ਦੇ ਮਾਮਲੇ ਵਿਚ ਆਤਮਨਿਰਭਰ ਬਣਨ ਦੀ ਦਿਸ਼ਾ ਵਿਚ ਕੰਮ ਕਰ ਰਿਹਾ ਹੈ। ਪਹਿਲਾਂ ਦੇਸ਼ ਆਪਣੀਆਂ ਊਰਜਾ ਲੋੜਾਂ ਲਈ 80 ਫੀਸਦੀ ਤੋਂ ਵੱਧ ਤੇਲ ਅਤੇ ਈਂਧਨ ਦੀ ਦਰਾਮਦ 'ਤੇ ਨਿਰਭਰ ਸੀ। ਹੁਣ ਕਿਊਬਾ ਸੂਰਜੀ ਊਰਜਾ ਨੂੰ ਮੁੱਖ ਸਰੋਤ ਬਣਾਉਣ ਦੀ ਤਿਆਰੀ ਕਰ ਰਿਹਾ ਹੈ। ਇਸ ਤੋਂ ਇਲਾਵਾ ਪੌਣ ਊਰਜਾ, ਹਾਈਡ੍ਰੋਪਾਵਰ, ਹਾਈਡ੍ਰੋਜਨ ਅਤੇ ਹੋਰ ਨਵਿਆਉਣਯੋਗ ਊਰਜਾ ਖੇਤਰਾਂ ਵਿਚ ਵੀ ਨਿਵੇਸ਼ ਚਾਹੁੰਦਾ ਹੈ। ਉਨ੍ਹਾਂ ਕਿਹਾ ਕਿ ਭਾਰਤ ਕੋਲ ਇਨ੍ਹਾਂ ਖੇਤਰਾਂ ਵਿਚ ਤਜਰਬਾ ਹੈ ਅਤੇ ਕਿਊਬਾ ਭਾਰਤੀ ਕੰਪਨੀਆਂ ਲਈ ਆਪਣਾ ਊਰਜਾ ਖੇਤਰ ਖੋਲ੍ਹ ਰਿਹਾ ਹੈ।

ਅਮਰੀਕੀ ਪਾਬੰਦੀਆਂ ਨਾਲ ਵਧਿਆ ਸੰਕਟ

ਅਗੁਏਲੇਰਾ ਦੇ ਅਨੁਸਾਰ ਅਮਰੀਕਾ ਦੀ ਸਖ਼ਤ ਹੁੰਦੀ ਨਾਕਾਬੰਦੀ ਦਾ ਅਸਰ ਆਮ ਕਿਊਬਾਈ ਲੋਕਾਂ 'ਤੇ ਪੈ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਵੈਨੇਜ਼ੁਏਲਾ ਅਤੇ ਮੈਕਸੀਕੋ ਤੋਂ ਕਿਊਬਾ ਨੂੰ ਮਿਲਣ ਵਾਲੀ ਤੇਲ ਦੀ ਸਪਲਾਈ ਵੀ ਰੁਕ ਗਈ ਹੈ ਅਤੇ ਮੌਜੂਦਾ ਹਾਲਾਤ ਵਿਚ ਕੋਈ ਦੂਜਾ ਦੇਸ਼ ਕਿਊਬਾ ਨੂੰ ਤੇਲ ਵੇਚਣ ਵਿਚ ਸਮਰੱਥ ਨਹੀਂ ਹੈ। ਉਨ੍ਹਾਂ ਕਿਹਾ ਕਿ ਪਾਬੰਦੀਆਂ ਨਾਲ ਦਵਾਈਆਂ ਅਤੇ ਡਾਕਟਰੀ ਉਪਕਰਨਾਂ ਦੀ ਉਪਲੱਬਧਤਾ ਪ੍ਰਭਾਵਿਤ ਹੋਈ ਹੈ। ਰਾਜਦੂਤ ਨੇ ਦਾਅਵਾ ਕੀਤਾ ਕਿ ਅਮਰੀਕੀ ਪਾਬੰਦੀਆਂ ਤੋਂ ਪਹਿਲਾਂ ਕਿਊਬਾ ਵਿਚ ਪ੍ਰਤੀ 100 ਨਵਜੰਮੇ ਬੱਚਿਆਂ 'ਤੇ ਬਾਲ ਮੌਤ ਦਰ ਲੱਗਭਗ 4 ਸੀ, ਜੋ ਹੁਣ ਵਧ ਕੇ 10 ਹੋ ਗਈ ਹੈ। ਉਨ੍ਹਾਂ ਕਿਹਾ ਕਿ ਯੋਗ ਦਵਾਈਆਂ ਅਤੇ ਡਾਕਟਰੀ ਉਪਕਰਨ ਉਪਲੱਬਧ ਨਾ ਹੋਣ ਕਾਰਨ ਲੋਕਾਂ ਦੀ ਜਾਨ ਜਾ ਰਹੀ ਹੈ।

ਅਮਰੀਕੀ ਹਵਾਈ ਫੌਜ ਨੇ ਬ੍ਰਿਟੇਨ ਦੇ ਫੌਜੀ ਅੱਡੇ ਤੋਂ ਸਾਰੇ ਬੰਬਾਰ ਜਹਾਜ਼ ਵਾਪਸ ਬੁਲਾਏ

ਵਾਸ਼ਿੰਗਟਨ, 5 ਅਕਤੂਬਰ (ਏਜੰਸੀ)- ਇੰਗਲੈਂਡ ਸਥਿਤ ਅਮਰੀਕੀ ਫੌਜੀ ਅੱਡੇ ਆਰ. ਏ. ਐੱਫ. ਫੇਅਰਫੋਰਡ ਨੂੰ ਨਿਸ਼ਾਨਾ ਬਣਾ ਕੇ ਕਥਿਤ ਅੱਤਵਾਦੀ ਹਮਲੇ ਦੀ ਸਾਜ਼ਿਸ਼ ਦੀ ਜਾਂਚ ਦੇ ਵਿਚਾਲੇ ਅਮਰੀਕੀ ਹਵਾਈ ਫੌਜ ਨੇ ਉੱਥੇ ਤਾਇਨਾਤ ਆਪਣੇ ਸਾਰੇ ਬੰਬਾਰ ਜਹਾਜ਼ਾਂ ਨੂੰ ਵਾਪਸ ਅਮਰੀਕਾ ਬੁਲਾ ਲਿਆ ਹੈ। ਇਨ੍ਹਾਂ ਜਹਾਜ਼ਾਂ ਦੀ ਵਰਤੋਂ ਈਰਾਨ 'ਤੇ ਹਮਲੇ ਲਈ ਕੀਤੀ ਗਈ ਸੀ। ਅਮਰੀਕੀ ਰੱਖਿਆ ਵਿਭਾਗ ਦੇ ਮੁੱਖ ਦਫ਼ਤਰ ਪੈਂਟਾਗਨ ਦੇ ਇਕ ਅਧਿਕਾਰੀ ਨੇ ਨਾਂ ਨਾ ਉਜਾਗਰ ਕਰਨ ਦੀ ਸ਼ਰਤ 'ਤੇ ਐਤਵਾਰ ਨੂੰ ਦੱਸਿਆ ਕਿ ਇਨ੍ਹਾਂ ਬੰਬਾਰ ਜਹਾਜ਼ਾਂ ਨੂੰ ਅਮਰੀਕਾ ਵਿਚ ਇਨ੍ਹਾਂ ਦੇ ਅਸਲ ਟਿਕਾਣਿਆਂ 'ਤੇ ਵਾਪਸ ਭੇਜ ਦਿੱਤਾ ਗਿਆ ਹੈ।

ਇਹ ਘਟਨਾਚੱਕਰ ਅਜਿਹੇ ਸਮੇਂ ਹੋਇਆ ਹੈ ਜਦੋਂ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਈਰਾਨ ਦੇ ਖ਼ਿਲਾਫ਼ ਜੰਗ ਨੂੰ ਲੈ ਕੇ ਬਦਲਾਂ 'ਤੇ ਵਿਚਾਰ ਕਰ ਰਹੇ ਹਨ, ਜਿਨ੍ਹਾਂ ਵਿਚ ਨਵੇਂ ਹਮਲੇ ਕਰਨਾ ਵੀ ਸ਼ਾਮਲ ਹੈ। ਟਰੰਪ ਨੇ ਸ਼ਨੀਵਾਰ ਨੂੰ ਓਹਾਇਓ ਵਿਚ ਇਕ ਰੈਲੀ ਵਿਚ ਸ਼ਾਮਲ ਹੋਣ ਲਈ ਅਮਰੀਕੀ ਰਾਸ਼ਟਰਪਤੀ ਦੇ ਸਰਕਾਰੀ ਨਿਵਾਸ ਅਤੇ ਦਫ਼ਤਰ ਵ੍ਹਾਈਟ ਹਾਊਸ ਤੋਂ ਰਵਾਨਾ ਹੁੰਦੇ ਸਮੇਂ ਪੱਤਰਕਾਰਾਂ ਨੂੰ ਕਿਹਾ, "ਈਰਾਨ ਨੂੰ ਲੈ ਕੇ ਮੈਂ ਕੁਝ ਫ਼ੈਸਲੇ ਕਰਨੇ ਹਨ। ਈਰਾਨ ਤਬਾਹ ਹੋ ਚੁੱਕਾ ਹੈ ਅਤੇ ਹੁਣ ਸਵਾਲ ਇਹ ਹੈ ਕਿ ਅੱਗੇ ਸਖ਼ਤ ਕਦਮ ਚੁੱਕਣੇ ਹਨ ਜਾਂ ਆਸਾਨ।"

ਪਿਛਲੇ ਹਫ਼ਤੇ ਮੱਧ ਲੰਡਨ ਵਿਚ ਬ੍ਰਿਟੇਨ-ਈਰਾਨੀ ਨਾਗਰਿਕਤਾ ਵਾਲੇ ਇਕ ਵਿਅਕਤੀ ਨੂੰ ਅੱਤਵਾਦੀ ਹਮਲੇ ਦੀ ਸਾਜ਼ਿਸ਼ ਰਚਣ ਦੇ ਸ਼ੱਕ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਇਹ ਗ੍ਰਿਫ਼ਤਾਰੀ ਸਤੰਬਰ ਦੇ ਅਖੀਰ ਵਿਚ ਆਰ. ਏ. ਐੱਫ. ਫੇਅਰਫੋਰਡ ਵਿਚ ਹੋਈ ਇਕ ਘਟਨਾ ਤੋਂ ਬਾਅਦ ਕੀਤੀ ਗਈ।

ਨਸ਼ਾ ਸਮੱਗਲਿੰਗ ਕਰਨ ਵਾਲੀ ਸ਼ੱਕੀ ਕਿਸ਼ਤੀ 'ਤੇ ਅਮਰੀਕੀ ਹਮਲਾ, 4 ਦੀ ਮੌਤ

ਵਾਸ਼ਿੰਗਟਨ : ਅਮਰੀਕੀ ਫੌਜ ਨੇ ਐਤਵਾਰ ਨੂੰ ਕੈਰੇਬੀਆਈ ਸਾਗਰ ਵਿਚ ਸ਼ੱਕੀ ਤੌਰ 'ਤੇ ਨਸ਼ੀਲੇ ਪਦਾਰਥਾਂ ਦੀ ਸਮੱਗਲਿੰਗ ਲਈ ਵਰਤੀ ਜਾਣ ਵਾਲੀ ਇਕ ਕਿਸ਼ਤੀ 'ਤੇ ਹਮਲਾ ਕੀਤਾ, ਜਿਸ ਵਿਚ 4 ਲੋਕਾਂ ਦੀ ਮੌਤ ਹੋ ਗਈ। ਇਹ ਕਾਰਵਾਈ ਲਾਤੀਨੀ ਅਮਰੀਕਾ ਵਿਚ ਕਥਿਤ ਨਸ਼ਾ ਸਮੱਗਲਰਾਂ ਖ਼ਿਲਾਫ਼ ਟਰੰਪ ਪ੍ਰਸ਼ਾਸਨ ਦੇ ਲੱਗਭਗ ਇਕ ਸਾਲ ਤੋਂ ਜਾਰੀ ਅਭਿਆਨ ਦਾ ਹਿੱਸਾ ਹੈ। ਇਸ ਹਮਲੇ ਦੇ ਨਾਲ ਹੀ ਸਤੰਬਰ 2025 ਤੋਂ ਅਮਰੀਕੀ ਫੌਜ ਵੱਲੋਂ ਅਜਿਹੀਆਂ ਕਿਸ਼ਤੀਆਂ 'ਤੇ ਕੀਤੇ ਗਏ 70 ਹਮਲਿਆਂ ਵਿਚ ਮਾਰੇ ਗਏ ਲੋਕਾਂ ਦੀ ਗਿਣਤੀ ਘੱਟੋ-ਘੱਟ 235 ਹੋ ਗਈ ਹੈ।

'ਯੂ. ਐੱਸ. ਸਦਰਨ ਕਮਾਂਡ' ਨੇ ਕਿਹਾ ਕਿ ਕਿਸ਼ਤੀ ਨੂੰ ਨਸ਼ੀਲੇ ਪਦਾਰਥਾਂ ਦੀ ਸਮੱਗਲਿੰਗ ਦੇ ਰਸਤੇ 'ਤੇ ਨਿਸ਼ਾਨਾ ਬਣਾਇਆ ਗਿਆ। ਹਾਲਾਂਕਿ, ਫੌਜ ਨੇ ਇਹ ਸਾਬਤ ਕਰਨ ਲਈ ਕੋਈ ਸਬੂਤ ਨਹੀਂ ਦਿੱਤਾ ਕਿ ਕਿਸ਼ਤੀ ਵਿਚ ਨਸ਼ੀਲੇ ਪਦਾਰਥ ਲੈ ਜਾਏ ਜਾ ਰਹੇ ਸਨ। ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਪੋਸਟ ਕੀਤੀ ਗਈ ਵੀਡੀਓ ਵਿਚ ਚੱਲਦੀ ਹੋਈ ਇਕ ਕਿਸ਼ਤੀ ਨੂੰ ਧਮਾਕੇ ਵਿਚ ਤਬਾਹ ਹੁੰਦੇ ਦਿਖਾਇਆ ਗਿਆ।

ਰੂਸ ਵਿਚ ਫ਼ੈਲਿਆ 'ਪਲੇਗ', 200 ਲੋਕ ਇਕਾਂਤਵਾਸ

ਮਾਸਕੋ, 5 ਅਕਤੂਬਰ (ਇੰਟ.)-ਜੰਗ ਦੇ ਵਿਚਾਲੇ ਰੂਸ ਦੋਹਰੀ ਮਾਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਖ਼ਬਰ ਹੈ ਕਿ ਰੂਸ ਵਿਚ ਪਲੇਗ ਵਾਇਰਸ ਕਾਰਨ ਐਮਰਜੈਂਸੀ ਹੋਈ ਹੈ ਅਤੇ ਸਾਵਧਾਨੀ ਵਜੋਂ ਸੈਂਕੜੇ ਲੋਕਾਂ ਨੂੰ ਇਕਾਂਤਵਾਸ ਭੇਜਿਆ ਗਿਆ ਹੈ। ਖ਼ਾਸ ਗੱਲ ਇਹ ਹੈ ਕਿ ਇਸ ਦੇ ਨਾਲ ਹੀ ਦੇਸ਼ ਵਿਚ ਮਹਾਮਾਰੀ ਫ਼ੈਲਣ ਦਾ ਖ਼ਤਰਾ ਵਧ ਗਿਆ ਹੈ। ਹਾਲਾਂਕਿ, ਇਸ ਨੂੰ ਲੈ ਕੇ ਡਬਲਯੂ. ਐੱਚ. ਓ. ਵਿਸ਼ਵ ਸਿਹਤ ਸੰਗਠਨ ਜਾਂ ਰੂਸ ਸਰਕਾਰ ਵੱਲੋਂ ਅਧਿਕਾਰਤ ਤੌਰ 'ਤੇ ਕੁਝ ਨਹੀਂ ਕਿਹਾ ਗਿਆ ਹੈ।

28 ਸਾਲਾ ਡਾਰਿਆ ਸ਼ਿਪਿਲੋਵਾ ਦੀ ਕਥਿਤ ਤੌਰ 'ਤੇ ਪਲੇਗ ਕਾਰਨ ਮੌਤ ਹੋ ਗਈ ਹੈ। ਉਹ ਰੂਸ ਦੇ ਇਰਕੁਤਸਕ ਵਿਚ ਸਾਇਬੇਰੀਅਨ ਖੇਤਰ ਵਿਚ ਸਥਿਤ ਗੋਲੋਵੋਕ ਦੇ ਐਂਟੀ-ਪਲੇਗ ਰਿਸਰਚ ਇੰਸਟੀਚਿਊਟ ਵਿਚ ਕੰਮ ਕਰਦੀ ਸੀ। ਰਿਹਾ ਜਾ ਰਿਹਾ ਹੈ ਕਿ ਉਹ ਡੂਕ ਵਾਲੇ ਇਨਫੈਕਸ਼ਨ ਵਾਲੇ ਪਲੇਗ ਵਾਇਰਸ ਦੀ ਲਪੇਟ ਵਿਚ ਆ ਗਈ ਸੀ। ਖ਼ਬਰ ਹੈ ਕਿ ਉਹ ਟੈਸਟ ਟਿਊਬ ਦੇ ਟੁੱਟਣ ਕਾਰਨ ਇਸ ਦਾ ਸ਼ਿਕਾਰ ਹੋਈ। ਜੇ ਸਮੇਂ 'ਤੇ ਇਲਾਜ ਨਾ ਮਿਲੇ, ਤਾਂ ਇਹ ਜਾਨਲੇਵਾ ਸਾਬਤ ਹੋ ਸਕਦਾ ਹੈ।

ਜਿਨ੍ਹਾਂ 200 ਤੋਂ ਵੱਧ ਲੋਕਾਂ ਦੇ ਉਹ ਸੰਪਰਕ ਵਿਚ ਆਈ ਸੀ, ਉਨ੍ਹਾਂ ਸਾਰਿਆਂ ਨੂੰ ਇਕਾਂਤਵਾਸ ਭੇਜ ਦਿੱਤਾ ਗਿਆ ਹੈ। ਉੱਥੇ ਹੀ, ਇਲਾਕੇ ਵਿਚ ਜਨਤਕ ਪ੍ਰੋਗਰਾਮਾਂ 'ਤੇ ਵੀ ਰੋਕ ਲਾ ਦਿੱਤੀ ਗਈ ਹੈ।

ਯੂਕ੍ਰੇਨੀ ਹਮਲਿਆਂ ਨਾਲ ਰੂਸ ਦੀ ਆਇਲ ਰਿਫ਼ਾਇਨਿੰਗ ਸਮਰੱਥਾ ਪ੍ਰਭਾਵਿਤ

ਕੀਵ, 5 ਅਕਤੂਬਰ (ਏਜੰਸੀ)-ਯੂਕ੍ਰੇਨ ਨੇ ਕਿਹਾ ਕਿ ਲੰਬੀ ਦੂਰੀ ਦੇ ਹਵਾਈ ਹਮਲਿਆਂ ਨੇ ਰੂਸ ਦੀ ਅੱਧੀ ਤੋਂ ਵੱਧ ਤੇਲ ਸੋਧਣ ਦੀ ਸਮਰੱਥਾ ਨੂੰ ਠੱਪ ਕਰ ਦਿੱਤਾ ਹੈ। ਯੂਕ੍ਰੇਨ ਨੇ ਦਾਅਵਾ ਕੀਤਾ ਕਿ ਇਸ ਨਾਲ ਰੂਸੀ ਫੌਜ ਦੀ ਤੇਲ ਸਪਲਾਈ ਦੀ ਸਮਰੱਥਾ ਵੀ ਪ੍ਰਭਾਵਿਤ ਹੋਈ ਹੈ।

ਰੱਖਿਆ ਮੰਤਰਾਲੇ ਨੇ ਐਤਵਾਰ ਨੂੰ ਕਿਹਾ ਕਿ ਮਾਸਕੋ, ਯਾਰੋਸਲਾਵ, ਉਸਤ-ਲੂਗਾ, ਪਰਮ, ਸੇਰਾਤੋਵ ਅਤੇ ਸਿਜ਼ਰਾਨ ਸਮੇਤ ਕਈ ਸ਼ਹਿਰਾਂ ਵਿਚ ਤੇਲ ਰਿਫ਼ਾਇਨਰੀਆਂ 'ਤੇ ਹਾਲ ਹੀ ਵਿਚ ਕੀਤੇ ਗਏ ਹਮਲਿਆਂ ਨਾਲ ਰੂਸ ਦੀ 51 ਫ਼ੀਸਦੀ ਤੇਲ ਸੋਧਣ ਦੀ ਸਮਰੱਥਾ ਠੱਪ ਹੋ ਗਈ ਹੈ। ਇਸ ਦਾਅਵੇ ਦੀ ਸੁਤੰਤਰ ਤੌਰ 'ਤੇ ਪੁਸ਼ਟੀ ਨਹੀਂ ਹੋ ਸਕੀ।

ਇਕ ਬਿਆਨ ਮੁਤਾਬਕ 1200 ਕਿਲੋਮੀਟਰ ਲੰਬੀ ਫਰੰਟ ਲਾਈਨ 'ਤੇ ਲੜਾਈ ਵਿਚ ਕੋਈ ਫਰਕ ਨਹੀਂ ਹੈ ਅਤੇ ਦੋਵੇਂ ਵਿਚਾਲੇ ਮਾਸਕੋ ਅਤੇ ਕੀਵ ਦੋਵਾਂ ਨੇ ਹਵਾਈ ਹਮਲੇ ਤੇਜ਼ ਕਰ ਦਿੱਤੇ ਹਨ। ਯੂਕ੍ਰੇਨ ਦੀ ਫੌਜ ਨੇ ਕਿਹਾ ਕਿ ਉਸ ਨੇ ਸਾਇਬੇਰੀਆ ਤੱਕ ਤੇਲ ਰਿਫ਼ਾਇਨਰੀਆਂ 'ਤੇ ਵਾਰ-ਵਾਰ ਹਮਲੇ ਕੀਤੇ ਹਨ।

ਇਨ੍ਹਾਂ ਹਮਲਿਆਂ ਕਾਰਨ ਇਸ ਸਾਲ ਦੀ ਸ਼ੁਰੂਆਤ ਵਿਚ ਰੂਸ ਵਿਚ ਵੱਡੇ ਪੱਧਰ 'ਤੇ ਈਂਧਨ ਸੰਕਟ ਪੈਦਾ ਹੋ ਗਿਆ ਸੀ, ਜਿਸ ਦੀ ਵਜ੍ਹਾ ਨਾਲ ਅਧਿਕਾਰੀਆਂ ਨੂੰ ਪੈਟਰੋਲ ਦੀ ਵਿਕਰੀ ਸੀਮਤ ਕਰਨੀ ਪਈ ਸੀ। ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਵੀਰਵਾਰ ਨੂੰ ਸਵੀਕਾਰ ਕੀਤਾ ਕਿ ਇਨ੍ਹਾਂ ਹਮਲਿਆਂ ਕਾਰਨ ਰੂਸ ਦੀ ਜੀ. ਡੀ. ਪੀ. ਵਿਚ ਲੱਗਭਗ ਇਕ ਫ਼ੀਸਦੀ ਦੀ ਕਮੀ ਆਈ ਹੈ।

ਪੰਜਾਬ ਸਕੂਲ ਸਿੱਖਿਆ ਬੋਰਡ

ਟੈਂਡਰ ਨੋਟਿਸ ਰੈਫਰੈਂਸ ਨੰ. ਪੀ. ਐੱਸ. ਈ. ਬੀ./ਪੀ. ਯੂ. ਬੀ.-01/2026
ਪੰਜਾਬ ਸਕੂਲ ਸਿੱਖਿਆ ਬੋਰਡ ਵਿਭਾਗ ਵਲੋਂ ਹੇਠ ਲਿਖੀ ਆਈਟਮ ਲਈ ਆਨਲਾਈਨ ਬੋਲੀਆਂ ਦਾ ਸੱਦਾ ਦਿੱਤਾ ਜਾਂਦਾ ਹੈ—

ਲੜੀ ਨੰ.	ਆਈਟਮ	ਮਾਤਰਾ
1	ਪਹਿਲੀ ਤੋਂ 12ਵੀਂ ਜਮਾਤ ਲਈ ਪਾਠ-ਪੁਸਤਕਾਂ ਦੀ ਛਪਾਈ ਤੇ ਸਪਲਾਈ। (ਅਕਾਦਮਿਕ ਸੈਸ਼ਨ 2027-28)	ਜ਼ਰੂਰਤ ਅਨੁਸਾਰ

ਬੰਦ ਹੋਣ ਦੀ ਮਿਤੀ ਤੇ ਸਮਾਂ : 27.10.2026 ਬਾ. ਦੁ. 1 ਵਜੇ
ਵਿਸਤ੍ਰਿਤ ਜਾਣਕਾਰੀ ਲਈ ਲਾਗਇਨ ਕਰੋ : www.pseb.ac.in
ਨੋਟ : ਟੈਂਡਰ ਨੋਟਿਸ ਸਬੰਧੀ ਕੋਈ ਸੋਧ (ਜੇ) ਸਿਰਫ਼ ਉਪਰੋਕਤ ਵੈੱਬਸਾਈਟ 'ਤੇ ਦਿੱਤੀ ਜਾਵੇਗੀ।
ਸਹੀ/- ਡਿਪਟੀ ਸੈਕ੍ਰੇਟਰੀ, ਪੰਜਾਬ ਸਕੂਲ ਸਿੱਖਿਆ ਬੋਰਡ, ਐੱਸ. ਏ. ਐੱਸ. ਨਗਰ
PR/1640/12/2026-27/15871

ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ
(Regd. Office PSEB Head Office, The Mall, Patiala) Corporate Identification Number: U40109PB2010SGC033813
Website: www.pspcl.in (Contact No. 9646119170)

ਟੈਂਡਰ ਇਨਕੁਆਰੀ ਨੰ.: 37/CCM/LDH/2026-27 ਮਿਤੀ: 05.10.2026
ਸੀਨੀਅਰ ਕਾਰਜਕਾਰੀ ਇੰਜੀਨੀਅਰ ਸਿਵਲ ਨਿਰਮਾਣ ਅਤੇ ਸੰਭਾਲ ਮੰਡਲ, ਕੋਠੀ ਨੰ: ਏ-2, ਪਾਵਰ ਕਾਲੋਨੀ ਨੰ:-1, ਫਿਰੋਜ਼ਪੁਰ ਰੋਡ, ਸਰਾਭਾ ਨਗਰ, ਪੀ.ਐੱਸ.ਪੀ.ਸੀ.ਐੱਲ., ਲੁਧਿਆਣਾ ਵਲੋਂ Major Repair of Washrooms of Offices 66 KV Sub Stations under O&M Division Millerganj under P&M Circle Ludhiana ਦਾ ਟੈਂਡਰ ਭਰਨ ਵਾਸਤੇ ਸੱਦਾ ਦਿੱਤਾ ਜਾ ਰਿਹਾ ਹੈ। ਇਸ ਦੀ ਵਧੇਰੀ ਜਾਣਕਾਰੀ ਵਾਸਤੇ ਸੀਨੀਅਰ ਕਾਰਜਕਾਰੀ ਇੰਜੀਨੀਅਰ ਸਿਵਲ ਨਿਰਮਾਣ ਅਤੇ ਸੰਭਾਲ ਮੰਡਲ ਲੁਧਿਆਣਾ, ਕੋਠੀ ਨੰ: ਏ-2 ਪਾਵਰ ਕਾਲੋਨੀ ਨੰ:-1 ਫਿਰੋਜ਼ਪੁਰ ਰੋਡ, ਸਰਾਭਾ ਨਗਰ, ਪੀ.ਐੱਸ.ਪੀ.ਸੀ.ਐੱਲ., ਲੁਧਿਆਣਾ ਨੂੰ ਸੰਪਰਕ ਕੀਤਾ ਜਾਵੇ।
ਨੋਟ:-ਕੋਰੀਜੰਡਮ ਅਤੇ ਜੋੜ (ਜੇਕਰ ਕੋਈ ਹੈ), https://pspcl.in 'ਤੇ ਅਪਲੋਡ ਕੀਤਾ ਜਾਵੇਗਾ।
C945/26 — PR/1079/12/2026-27/15856
ਬਿਜਲੀ ਇਕ ਕੌਮੀ ਸਰਮਾਇਆ ਹੈ, ਇਸ ਦੀ ਲੋੜ ਅਨੁਸਾਰ ਵਰਤੋਂ ਕੀਤੀ ਜਾਵੇ।

ਮਿਊਂਸੀਪਲ ਕਾਰਪੋਰੇਸ਼ਨ ਚੰਡੀਗੜ੍ਹ

ਆਰ. ਐੱਫ. ਪੀ. ਨੋਟਿਸ

ਲੜੀ ਨੰ.	ਕੰਮ ਦਾ ਨਾਂ	ਬੋਲੀ ਪੇਸ਼ ਕਰਨ ਦਾ ਸ਼ਡਿਊਲ (ਆਨਲਾਈਨ)	ਤਕਨੀਕੀ ਬੋਲੀ ਖੁੱਲ੍ਹਣੀ (ਆਨਲਾਈਨ)
	ਕਾਰਜਕਾਰੀ ਇੰਜੀਨੀਅਰ-ਐੱਸ. ਡਬਲਯੂ. ਐੱਮ. ਡਵੀਜ਼ਨ		
1.	ਚੰਡੀਗੜ੍ਹ ਵਿਖੇ ਮੌਜੂਦਾ 200 ਟੀ. ਪੀ. ਡੀ. ਡ੍ਰਾਈ ਵੇਸਟ ਪਲਾਂਟ 'ਚ ਡ੍ਰਾਈ ਵੇਸਟ ਤੇ ਮਿਕਸਡ ਵੇਸਟ ਦੀ ਪ੍ਰੋਸੈਸਿੰਗ ਲਈ ਏਜੰਸੀ ਦੀ ਚੋਣ ਵਾਸਤੇ ਆਰ. ਐੱਫ. ਪੀ.। ਅੰਦਾਜ਼ਨ ਰਕਮ : ਏਜੰਸੀ ਵੱਲੋਂ ਕੋਟ ਕੀਤੀ ਜਾਵੇਗੀ; ਈ. ਐੱਮ. ਡੀ. : 2,00,000 ਰੁਪਏ; ਸਮਾਂ-ਹੱਦ : 12 ਸਾਲ; ਫੀਸ : 5,000 ਰੁਪਏ	02.10.2026 ਸਵੇਰੇ 9 ਵਜੇ ਤੋਂ 19.10.2026 ਬਾ. ਦੁ. 1 ਵਜੇ	19.10.2026 ਬਾ. ਦੁ. 1.30 ਵਜੇ

ਨੋਟ : (1) ਵਿਸਤ੍ਰਿਤ ਨਿਯਮਾਂ ਤੇ ਸ਼ਰਤਾਂ ਸਮੇਤ ਟੈਂਡਰ ਨੋਟਿਸ ਵੈੱਬਸਾਈਟ www.chandigarh.gov.in ਜਾਂ etenders.chd.nic.in 'ਤੇ ਮੁਹੱਈਆ/ਅਪਲੋਡ ਹੈ।
ਕਾਰਜਕਾਰੀ ਇੰਜੀਨੀਅਰ
ਐੱਸ. ਡਬਲਯੂ. ਐੱਮ. ਡਵੀਜ਼ਨ, ਕਮਰਾ ਨੰ. 612, 6ਵੀਂ ਮੰਜ਼ਿਲ, ਨਿਊ ਡੀਲਕਸ ਬਿਲਡਿੰਗ, ਐੱਮ. ਸੀ. ਸੈਕਟਰ-17, ਚੰਡੀਗੜ੍ਹ, ਈ-ਮੇਲ ਆਈ. ਡੀ. : mcc.swm2020@gmail.com

ਰਜਿਸਟਰੀ ਨੰ. ਡੀ.ਐੱਲ.— 33004/99 — REGD. NO. D. L.-33004/99

ਭਾਰਤ ਦਾ ਗਜ਼ਟ
The Gazette of India

ਸੀ.ਜੀ.-ਡੀ.ਐੱਲ.-ਈ-.—29092026-276584
CG-DL-E-29092026-276584
ਅਸਾਧਾਰਨ
EXTRAORDINARY
ਭਾਗ-II-ਖੰਡ 3-ਉਪ ਖੰਡ (ii)
PART II — Section 3 — Sub-section (ii)
ਅਧਿਕਾਰ ਨਾਲ ਪ੍ਰਕਾਸ਼ਿਤ
PUBLISHED BY AUTHORITY

ਨੰ. 5010] ਨਵੀਂ ਦਿੱਲੀ, ਮੰਗਲਵਾਰ, ਸਤੰਬਰ 22, 2026/ਭਾਦੋਂ 31, 1948
No. 5010] NEW DELHI, TUESDAY, SEPTEMBER 22, 2026/BHADRA 31, 1948

ਸੜਕ ਆਵਾਜਾਈ ਤੇ ਰਾਜਮਾਰਗ ਮੰਤਰਾਲਾ
ਨੋਟੀਫਿਕੇਸ਼ਨ
ਨਵੀਂ ਦਿੱਲੀ, 22 ਸਤੰਬਰ, 2026

ਐੱਸ. ਓ. 5217 (ਈ)—ਜਿਵੇਂ ਕਿ ਸੜਕ ਆਵਾਜਾਈ ਤੇ ਰਾਜਮਾਰਗ ਮੰਤਰਾਲਾ ਵਿਚ ਨੈਸ਼ਨਲ ਹਾਈਵੇ ਐਕਟ,1956 (1956 ਦਾ 48) (ਜਿਸ ਨੂੰ ਬਾਅਦ ਵਿਚ ਉਕਤ ਐਕਟ ਕਿਹਾ ਗਿਆ) ਦੀ ਧਾਰਾ 3ਏ ਦੀ ਉਪ-ਧਾਰਾ (1) ਤਹਿਤ ਜਾਰੀ ਭਾਰਤ ਸਰਕਾਰ ਦਾ ਨੋਟੀਫਿਕੇਸ਼ਨ ਐੱਸ. ਓ. 2917 (ਈ) ਮਿਤੀ : 08.06.2026 ਗਜ਼ਟ ਆਫ ਇੰਡੀਆ, ਐਕਸਟ੍ਰਾਆਰਡੀਨਰੀ, ਭਾਗ-II, ਧਾਰਾ-3, ਉਪ-ਧਾਰਾ (ii) ਵਿਚ ਪ੍ਰਕਾਸ਼ਿਤ ਹੋਇਆ ਸੀ। ਕੇਂਦਰ ਸਰਕਾਰ ਨੇ ਦੱਸੇ ਨੋਟੀਫਿਕੇਸ਼ਨ ਨਾਲ ਜੁੜੇ ਸ਼ਡਿਊਲ ਵਿਚ ਦੱਸੀ ਜ਼ਮੀਨ ਨੂੰ ਐਕਵਾਇਰ ਕਰਨ ਦੇ ਆਪਣੇ ਇਰਾਦੇ ਦਾ ਐਲਾਨ ਕੀਤਾ ਸੀ। ਇਸ ਦੀ ਵਰਤੋਂ ਪੰਜਾਬ ਸੂਬੇ ਦੇ ਅੰਮ੍ਰਿਤਸਰ ਜ਼ਿਲੇ ਦੇ ਪਿੰਡ ਹਰਛਾ ਛੀਨਾ 'ਚ ਸੀ. ਏ. ਐੱਲ. ਏ. ਕਮ ਐੱਸ. ਡੀ. ਐੱਮ. ਅਜਨਾਲਾ 'ਚ ਕਿ. ਮੀ. 0.00 ਤੋਂ ਕਿ. ਮੀ. 44.154 ਤਕ ਜ਼ਮੀਨ ਦੇ ਵਿਸਤਾਰ 'ਚ ਐੱਨ. ਐੱਚ. 354 ਦੇ ਨਿਰਮਾਣ (ਚੌੜਾ ਕਰਨਾ/ਫੋਰ ਲੇਨਿੰਗ ਆਦਿ), ਦੇਖ-ਰੇਖ, ਪ੍ਰਬੰਧਨ ਤੇ ਸੰਚਾਲਨ ਲਈ ਕੀਤੀ ਜਾਵੇਗੀ।
ਅਤੇ ਜਿਵੇਂ ਕਿ ਦੱਸੇ ਨੋਟੀਫਿਕੇਸ਼ਨ ਐੱਸ. ਓ. 2917 ਮਿਤੀ : 08.06.2026 ਦਾ ਸਾਰ 'ਦਿ ਟ੍ਰਿਬਿਊਨ' (ਅੰਗਰੇਜ਼ੀ) ਤੇ 'ਜਗ ਬਾਣੀ' (ਪੰਜਾਬੀ) ਦੋਵਾਂ ਵਿਚ 20.06.2026 ਨੂੰ ਦੱਸੇ ਐਕਟ ਦੀ ਧਾਰਾ-3ਏ ਦੀ ਉੱਪ-ਧਾਰਾ (3) ਤਹਿਤ ਪ੍ਰਕਾਸ਼ਿਤ ਕੀਤਾ ਗਿਆ ਹੈ।
ਅਤੇ ਜਿਵੇਂ ਕਿ ਧਾਰਾ 3 ਸੀ. ਤਹਿਤ ਦਾਖਲ ਇਤਰਾਜ਼ ਸਮਰੱਥ ਅਥਾਰਟੀ ਵੱਲੋਂ ਪ੍ਰਾਪਤ ਕੀਤੇ, ਧਿਆਨ ਵਿਚ ਰੱਖੇ ਅਤੇ ਉਨ੍ਹਾਂ ਨੂੰ ਸਹੀ ਢੰਗ ਨਾਲ ਸੈਟਲ ਕੀਤਾ ਗਿਆ ਹੈ।
ਅਤੇ ਜਿਵੇਂ ਕਿ ਦੱਸੇ ਐਕਟ ਦੀ ਧਾਰਾ-3ਡੀ ਦੀ ਉੱਪ-ਧਾਰਾ (1) ਦੀ ਪੈਰਵੀ 'ਚ ਸਮਰੱਥ ਅਥਾਰਟੀ ਨੇ ਕੇਂਦਰ ਸਰਕਾਰ ਨੂੰ ਆਪਣੀ ਰਿਪੋਰਟ ਸੌਂਪ ਦਿੱਤੀ ਹੈ।
ਇਸ ਲਈ ਹੁਣ ਸਮਰੱਥ ਅਥਾਰਟੀ ਦੀ ਰਿਪੋਰਟ ਪ੍ਰਾਪਤ ਹੋਣ ਅਤੇ ਦੱਸੇ ਐਕਟ ਦੀ ਧਾਰਾ-3ਡੀ ਦੀ ਉੱਪ-ਧਾਰਾ (1) ਤੋਂ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦਿਆਂ ਕੇਂਦਰ ਸਰਕਾਰ ਇੱਥੇ ਐਲਾਨ ਕਰਦੀ ਹੈ ਕਿ ਦੱਸੇ ਸ਼ਡਿਊਲ ਵਿਚ ਦੱਸੀ ਜ਼ਮੀਨ ਉਪਰੋਕਤ ਮਨੋਰਥ ਲਈ ਐਕਵਾਇਰ ਕੀਤੀ ਜਾਣੀ ਚਾਹੀਦੀ ਹੈ।
ਅਤੇ ਅੱਗੇ ਦੱਸੇ ਐਕਟ ਦੀ ਧਾਰਾ-3ਡੀ ਦੀ ਉੱਪ-ਧਾਰਾ (2) ਦੀ ਪੈਰਵੀ 'ਚ ਕੇਂਦਰ ਸਰਕਾਰ ਐਲਾਨ ਕਰਦੀ ਹੈ ਕਿ ਅਧਿਕਾਰਤ ਗਜ਼ਟ ਵਿਚ ਇਸ ਨੋਟੀਫਿਕੇਸ਼ਨ ਦੇ ਪ੍ਰਕਾਸ਼ਿਤ ਹੋਣ 'ਤੇ ਦੱਸੇ ਸ਼ਡਿਊਲ ਵਿਚ ਦੱਸੀ ਜ਼ਮੀਨ ਸਾਰੇ ਭਾਰਾਂ ਤੋਂ ਰਹਿਤ ਹੋ ਕੇ ਪੂਰੀ ਤਰ੍ਹਾਂ ਕੇਂਦਰ ਸਰਕਾਰ ਦੇ ਹੱਥਾਂ ਵਿਚ ਰਹੇਗੀ।

ਸ਼ਡਿਊਲ
ਪੰਜਾਬ ਸੂਬੇ ਦੇ ਅੰਮ੍ਰਿਤਸਰ ਜ਼ਿਲੇ ਦੇ ਪਿੰਡ ਹਰਛਾ ਛੀਨਾ 'ਚ ਸੀ. ਏ. ਐੱਲ. ਏ. ਕਮ ਐੱਸ. ਡੀ. ਐੱਮ. ਅਜਨਾਲਾ 'ਚ ਕਿ. ਮੀ. 0.00 ਤੋਂ ਕਿ. ਮੀ. 44.154 ਤਕ ਜ਼ਮੀਨ ਦੇ ਵਿਸਤਾਰ 'ਚ ਐੱਨ. ਐੱਚ.-354 'ਤੇ ਪੈਂਦੀ ਢਾਂਚੇ ਵਾਲੀ ਜਾਂ ਢਾਂਚਾ-ਰਹਿਤ ਐਕਵਾਇਰ ਕੀਤੀ ਜਾਣ ਵਾਲੀ ਜ਼ਮੀਨ ਦਾ ਸੰਖੇਪ ਵੇਰਵਾ।

ਜ਼ਿਲਾ : ਗੁਰਦਾਸਪੁਰ
https://egazette.gov.in/
ਪ੍ਰਕਾਸ਼ਨ ਦੀ ਮਿਤੀ : 22.09.2026
(ਐੱਫ. ਨੰ. ਪੀ. ਡੀ./ਪੀ. ਆਈ. ਯੂ.-ਜੇ. ਏ. ਐੱਲ./ਭਾਰਤ ਮਾਲਾ/234/2017/3ਡੀ)
ਸ਼ੇਖ ਅਮੀਨ ਖਾਨ, ਡਾਇਰੈਕਟਰ
https://bhoomirashi.gov.in/showFile_qrD.cshtml?TAB=bGFfVGhyZWVEX2ZpbWVz&fk=bm90aWZpY2F0aW9uX2lk&fkid=NjUwNjc=&EncHid=1838948922&type_id=1

ਚੀਨ ਲਈ ਤਾਈਵਾਨ ਦੇ ਰਾਸ਼ਟਰਪਤੀ ਦੇ ਪਰਿਵਾਰ ਦੀ ਜਾਸੂਸੀ ਦੇ ਦੋਸ਼ ਹੇਠ ਔਰਤ ਗ੍ਰਿਫ਼ਤਾਰ

ਬੈਂਕਾਕ, 5 ਅਕਤੂਬਰ (ਏਜੰਸੀ)-ਐੱਫ. ਬੀ. ਆਈ. ਨੇ ਲਾਸ ਏਂਜਲਸ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਇਕ ਔਰਤ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਸ 'ਤੇ ਚੀਨ ਲਈ ਤਾਈਵਾਨ ਦੇ ਰਾਸ਼ਟਰਪਤੀ ਦੇ ਪਰਿਵਾਰ ਦੀ ਜਾਸੂਸੀ ਕਰਨ ਦਾ ਦੋਸ਼ ਹੈ। ਐੱਫ. ਬੀ. ਆਈ. ਦੇ ਅਨੁਸਾਰ, ਵਾਨਯਿੰਗ ਝਾਂਗ ਉਰਫ਼ ਹੀਦਰ ਨੇ ਅਮਰੀਕਾ ਵਿਚ ਰਹਿੰਦਿਆਂ ਚੀਨੀ ਸਰਕਾਰ ਲਈ ਤਾਈਵਾਨ ਦੇ ਰਾਸ਼ਟਰਪਤੀ ਦੇ ਪੁੱਤਰ ਅਤੇ ਉਨ੍ਹਾਂ ਦੇ ਪਰਿਵਾਰ 'ਤੇ ਨਜ਼ਰ ਰੱਖੀ। ਅਮਰੀਕਾ ਦੇ ਸਹਾਇਕ ਅਟਾਰਨੀ ਬਿਲ ਐਸੇਲੀ ਨੇ ਸੋਸ਼ਲ ਮੀਡੀਆ 'ਤੇ ਦੱਸਿਆ ਕਿ 34 ਸਾਲਾ ਝਾਂਗ ਨੂੰ ਚੀਨ ਲਈ ਇਕ ਗ਼ੈਰ-ਰਜਿਸਟਰਡ ਏਜੰਟ ਵਜੋਂ ਕੰਮ ਕਰਨ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਝਾਂਗ ਨੇ ਆਪਣੇ ਟੀਚੇ ਦੀਆਂ ਤਸਵੀਰਾਂ ਅਤੇ ਵੀਡੀਓਜ਼ ਬਣਾਈਆਂ ਅਤੇ ਉਨ੍ਹਾਂ ਦੇ ਵਾਹਨਾਂ ਦੇ ਨੰਬਰਾਂ ਦੀ ਜਾਣਕਾਰੀ ਚੀਨੀ ਅਧਿਕਾਰੀਆਂ ਨੂੰ ਭੇਜੀ। ਝਾਂਗ ਨੂੰ ਚੀਨ ਜਾਣ ਵਾਲੀ ਉਡਾਣ ਵਿਚ ਸਵਾਰ ਹੋਣ ਤੋਂ ਪਹਿਲਾਂ ਗ੍ਰਿਫ਼ਤਾਰ ਕੀਤਾ ਗਿਆ।

ਉਸ ਦੀ ਕੌਮੀਅਤ ਸਪੱਸ਼ਟ ਨਹੀਂ ਹੋ ਸਕੀ ਹੈ ਅਤੇ ਉਸ ਦੀ ਨੁਮਾਇੰਦਗੀ ਕਰਨ ਵਾਲੇ ਵਕੀਲ ਦਾ ਤੁਰੰਤ ਪਤਾ ਨਹੀਂ ਚੱਲ ਸਕਿਆ। ਉਸ ਨੂੰ ਸੋਮਵਾਰ ਨੂੰ ਲਾਸ ਏਂਜਲਸ ਦੀ ਸੰਘੀ ਅਦਾਲਤ ਵਿਚ ਪੇਸ਼ ਕੀਤਾ ਜਾਣਾ ਸੀ।

ਤਾਈਵਾਨ ਦੇ ਰਾਸ਼ਟਰਪਤੀ ਦਫ਼ਤਰ ਨੇ ਪੁਸ਼ਟੀ ਕੀਤੀ ਕਿ ਰਾਸ਼ਟਰਪਤੀ ਲਾਈ ਚਿੰਗ-ਤੇ ਦੇ ਰਿਸ਼ਤੇਦਾਰ ਨਿਸ਼ਾਨਾ ਬਣਾਏ ਗਏ ਸਨ, ਹਾਲਾਂਕਿ ਉਸ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਇਨ੍ਹਾਂ ਵਿਚ ਰਾਸ਼ਟਰਪਤੀ ਦੇ ਪੁੱਤਰ ਸ਼ਾਮਲ ਸਨ ਜਾਂ ਨਹੀਂ।

ਬ੍ਰਿਟੇਨ : ਭਾਰਤੀ ਰੈਸਟੋਰੈਂਟ 'ਚ ਅੱਗ ਲਾਉਣ ਦੇ ਮਾਮਲੇ ਵਿਚ 2 ਨਾਬਾਲਗਾਂ ਨੂੰ ਜੇਲ

ਲੰਡਨ, 5 ਅਕਤੂਬਰ (ਏਜੰਸੀ)-ਪੂਰਬੀ ਲੰਡਨ ਦੇ ਇਕ ਭਾਰਤੀ ਰੈਸਟੋਰੈਂਟ ਵਿਚ ਅੱਗ ਲਾਉਣ ਦੇ ਮਾਮਲੇ 'ਚ 17 ਸਾਲਾ 2 ਨਾਬਾਲਗਾਂ ਨੂੰ 10-10 ਸਾਲ ਜੇਲ ਦੀ ਸਜ਼ਾ ਸੁਣਾਈ ਗਈ। ਇਸ ਘਟਨਾ ਵਿਚ ਰੈਸਟੋਰੈਂਟ ਵਿਚ ਖਾਣਾ ਖਾ ਰਹੇ ਲੋਕ ਗੰਭੀਰ ਰੂਪ ਵਿਚ ਝੁਲਸ ਗਏ ਸਨ।

ਲੰਡਨ ਦੀ ਓਲਡ ਬੈਲੀ ਅਦਾਲਤ ਨੂੰ ਪਿਛਲੇ ਹਫ਼ਤੇ ਦੱਸਿਆ ਗਿਆ ਕਿ ਅਗਸਤ 2025 ਵਿਚ ਇਹ ਦੋਵੇਂ ਨਾਬਾਲਗ ਚਾਕੂ ਲੈ ਕੇ ਗੈਂਟਸ ਹਿਲ ਸਥਿਤ 'ਇੰਡੀਅਨ ਅਰੋਮਾ' ਰੈਸਟੋਰੈਂਟ ਵਿਚ ਵੜੇ ਅਤੇ ਉਨ੍ਹਾਂ ਨੇ ਦਰਵਾਜ਼ੇ ਬੰਦ ਕਰ ਦਿੱਤੇ, ਜਦਕਿ ਤੀਜੇ ਵਿਅਕਤੀ ਨੇ ਰੈਸਟੋਰੈਂਟ ਦੇ ਅੰਦਰ ਈਂਧਨ ਛਿੜਕ ਕੇ ਅੱਗ ਲਾ ਦਿੱਤੀ।

ਜਸਟਿਸ ਮਾਈਕਲ ਗ੍ਰੀਵ ਨੇ ਸ਼ੁੱਕਰਵਾਰ ਨੂੰ ਸਜ਼ਾ ਸੁਣਾਉਂਦੇ ਹੋਏ ਦੋਵਾਂ ਨਾਬਾਲਗਾਂ ਨੂੰ ਕਿਹਾ, "ਤੁਸੀਂ ਦੋਵੇਂ ਇਸ ਗੱਲ ਤੋਂ ਪੂਰੀ ਤਰ੍ਹਾਂ ਜਾਣੂ ਸੀ ਕਿ ਇਸ ਦਾ ਨਤੀਜਾ ਗੰਭੀਰ ਹੋ ਸਕਦਾ ਹੈ ਅਤੇ ਲੋਕਾਂ ਦੀ ਮੌਤ ਵੀ ਹੋ ਸਕਦੀ ਸੀ।" ਜਸਟਿਸ ਗ੍ਰੀਵ ਨੇ ਨਾਬਾਲਗਾਂ 'ਤੇ 'ਬੇਰਹਿਮੀ ਨਾਲ' ਹਮਲਾ ਕਰਨ ਦਾ ਦੋਸ਼ ਲਾਇਆ। ਨਾਬਾਲਗ ਹੋਣ ਕਾਰਨ ਦੋਵਾਂ ਦੋਸ਼ੀਆਂ ਦੇ ਨਾਂ ਨਹੀਂ ਦੱਸੇ ਗਏ। ਅਦਾਲਤ ਨੇ ਦੋਵਾਂ ਨੂੰ 10 ਸਾਲ ਦੀ ਹਿਰਾਸਤ ਅਤੇ ਉਸ ਤੋਂ ਬਾਅਦ ਸਖ਼ਤ ਨਿਗਰਾਨੀ ਵਾਲੀਆਂ ਸ਼ਰਤਾਂ ਤਹਿਤ ਤਿੰਨ ਸਾਲ ਦੀ ਵਧਾਈ ਗਈ ਮਿਆਦ ਦੀ ਸਜ਼ਾ ਸੁਣਾਈ।

punjab national bank ...Together for the better
ਏ. ਆਰ. ਐੱਮ. ਬੀ.-ਪਠਾਨਕੋਟ (ਨੇੜੇ ਕਮਲ ਸਵੀਟਸ, ਸੈਲੀ ਰੋਡ, ਪਠਾਨਕੋਟ-145001) (ਫੋਨ ਨੰ. 9115554320), ਈ-ਮੇਲ : cs829500@pnb.bank.in
ਈ-ਨਿਲਾਮੀ/ਵਿਕਰੀ ਨੋਟਿਸ

ਅਚੱਲ ਜਾਇਦਾਦਾਂ ਦਾ ਵਿਕਰੀ ਲਈ ਵਿਕਰੀ ਨੋਟਿਸ

ਸਕਿਓਰਿਟਾਈਜ਼ੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਇਨਾਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰਸਟ ਐਕਟ, 2002, ਜਿਸ ਨੂੰ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8(6)/9(1) ਦੀ ਪ੍ਰੋਵਿਜ਼ੋ ਨਾਲ ਪੜ੍ਹਿਆ ਜਾਂਦਾ ਹੈ, ਤਹਿਤ ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ।
ਜਨਤਾ ਨੂੰ ਆਮ ਤੌਰ 'ਤੇ ਅਤੇ ਕਰਜ਼ਦਾਰ (ਾਂ) ਤੇ ਗਾਰੰਟਰ (ਾਂ) ਨੂੰ ਵਿਸ਼ੇਸ਼ ਤੌਰ 'ਤੇ ਸੂਚਿਤ ਕੀਤਾ ਜਾਂਦਾ ਹੈ ਕਿ ਸਕਿਓਰਡ ਕ੍ਰੈਡਿਟਰ ਨਾਲ ਮਾਰਟਗੇਜਡ/ਚਾਰਜਡ ਹੇਠਾਂ ਦੱਸੀ ਚੱਲ/ਅਚੱਲ ਜਾਇਦਾਦ ਦਾ ਅਸਲ/ਦਸਤੀ/ਸੰਕੇਤਕ ਕਬਜ਼ਾ ਬੈਂਕ/ਸਕਿਓਰਡ ਕ੍ਰੈਡਿਟਰ ਦੇ ਅਧਿਕਾਰਤ ਅਫਸਰ ਵਲੋਂ ਲੈ ਲਿਆ ਗਿਆ ਹੈ, ਜਿਸ ਦੀ ਵਿਕਰੀ 'ਜਿੱਥੇ ਹੈ ਜਿਵੇਂ ਹੈ', 'ਜੋ ਹੈ ਜਿਵੇਂ ਹੈ' ਅਤੇ 'ਜੋ ਵੀ ਹੈ' ਦੇ ਆਧਾਰ 'ਤੇ ਹੇਠਾਂ ਟੇਬਲ ਵਿਚ ਦੱਸੀ ਮਿਤੀ ਨੂੰ ਬੈਂਕ/ਸਕਿਓਰਡ ਕ੍ਰੈਡਿਟਰ ਦੇ ਸਬੰਧਤ ਕਰਜ਼ਦਾਰ (ਾਂ) ਤੇ ਗਾਰੰਟਰ (ਾਂ) ਤੋਂ ਬਕਾਇਆਂ ਦੀ ਵਸੂਲੀ ਲਈ ਕਰ ਦਿੱਤੀ ਜਾਵੇਗੀ। ਰਾਖਵੀਂ ਕੀਮਤ ਤੇ ਰਕਮ ਬਿਆਨਾ ਦਾ ਵੇਰਵਾ ਟੇਬਲ ਵਿਚ ਸਬੰਧਤ ਜਾਇਦਾਦਾਂ ਦੇ ਸਾਹਮਣੇ ਦੱਸੇ ਅਨੁਸਾਰ ਹੋਵੇਗਾ।

ਲੜੀ ਨੰ.	ਬ੍ਰਾਂਚ ਦਾ ਨਾਂ / ਕਰਜ਼ਦਾਰ/ਗਾਰੰਟਰ ਦੇ ਅਕਾਊਂਟ ਦਾ ਨਾਂ ਤੇ ਪਤਾ	ਮਾਰਟਗੇਜਡ ਅਚੱਲ ਜਾਇਦਾਦਾਂ ਦਾ ਵੇਰਵਾ/ਮਾਲਕ ਦਾ ਨਾਂ (ਜਾਇਦਾਦ (ਾਂ) ਦੇ ਮਾਰਟਗੇਜਰ)	(ਏ) ਸਰਫੇਸੀ ਐਕਟ 2002 ਦੀ ਧਾਰਾ-13(2) ਤਹਿਤ ਡਿਮਾਂਡ ਨੋਟਿਸ ਦੀ ਮਿਤੀ (ਬੀ) ਬਕਾਇਆ ਰਕਮ ਜਿਵੇਂ ਹੈ (ਸੀ) ਸਰਫੇਸੀ ਐਕਟ 2002 ਦੀ ਧਾਰਾ-13(2) ਤਹਿਤ ਕਬਜ਼ੇ ਦੀ ਮਿਤੀ (ਡੀ) ਕਬਜ਼ੇ ਦੀ ਕਿਸਮ-ਸੰਕੇਤਕ/ਦਸਤੀ/ਰਚਨਾਤਮਕ	ਈ-ਨਿਲਾਮੀ ਦੀ ਮਿਤੀ/ਸਮਾਂ / ਸਕਿਓਰਡ ਕ੍ਰੈਡਿਟਰਜ਼ ਦੀ ਜਾਣਕਾਰੀ 'ਚ ਭਾਰਾਂ ਦੇ ਵੇਰਵੇ	ਏ) ਰਾਖਵੀਂ ਕੀਮਤ (ਬੀ) ਈ. ਐੱਮ. ਡੀ. (ਸੀ) ਬੋਲੀ ਵਾਧਾ ਰਕਮ
1.	ਪੀ. ਐੱਨ. ਬੀ. ਏ. ਆਰ. ਐੱਮ. ਬੀ. ਪਠਾਨਕੋਟ (829500) (1) ਸ਼੍ਰੀਮਤੀ ਆਸ਼ਾ ਮਿੱਤਲ ਪਤਨੀ ਬਾਲ ਕ੍ਰਿਸ਼ਨ ਮਿੱਤਲ, ਮਕਾਨ ਨੰਬਰ 183, ਵਾਰਡ ਨੰਬਰ 4, ਆਦਰਸ਼ ਨਗਰ, ਗੁਰਦਾਸਪੁਰ-143521, (2) ਸ਼੍ਰੀਮਤੀ ਮਮਤਾ ਮਿੱਤਲ ਪਤਨੀ ਅਮਨ ਮਿੱਤਲ, ਮਕਾਨ ਨੰਬਰ 183, ਵਾਰਡ ਨੰਬਰ 4, ਆਦਰਸ਼ ਨਗਰ, ਗੁਰਦਾਸਪੁਰ-143521, (3) ਸ਼੍ਰੀਮਤੀ ਪੂਨਮ ਮਿੱਤਲ ਪਤਨੀ ਰਾਜਨ ਮਿੱਤਲ, ਮਕਾਨ ਨੰਬਰ 183, ਵਾਰਡ ਨੰਬਰ 4, ਆਦਰਸ਼ ਨਗਰ, ਗੁਰਦਾਸਪੁਰ-143521, (4) ਸ਼੍ਰੀ ਰਾਜਨ ਮਿੱਤਲ ਪੁੱਤਰ ਸ਼੍ਰੀ ਬਾਲ ਕ੍ਰਿਸ਼ਨ ਮਿੱਤਲ, ਮਕਾਨ ਨੰਬਰ 183, ਵਾਰਡ ਨੰਬਰ 4, ਆਦਰਸ਼ ਨਗਰ, ਗੁਰਦਾਸਪੁਰ-143521, (5) ਸ਼੍ਰੀ ਅਮਨ ਮਿੱਤਲ ਪੁੱਤਰ ਸ਼੍ਰੀ ਬਾਲ ਕ੍ਰਿਸ਼ਨ ਮਿੱਤਲ, ਮਕਾਨ ਨੰਬਰ 183, ਵਾਰਡ ਨੰਬਰ 4, ਆਦਰਸ਼ ਨਗਰ, ਗੁਰਦਾਸਪੁਰ-143521, (6) ਸ਼੍ਰੀ ਬਾਲ ਕ੍ਰਿਸ਼ਨ ਮਿੱਤਲ ਆਪਣੇ ਇਨ੍ਹਾਂ ਕਾਨੂੰਨੀ ਵਾਰਸਾਂ ਰਾਹੀਂ : (ਏ) ਸ਼੍ਰੀਮਤੀ ਆਸ਼ਾ ਮਿੱਤਲ ਪਤਨੀ ਬਾਲ ਕ੍ਰਿਸ਼ਨ ਮਿੱਤਲ, (ਬੀ) ਸ਼੍ਰੀਮਤੀ ਰਚਨਾ ਪੁੱਤਰੀ ਬਾਲ ਕ੍ਰਿਸ਼ਨ ਮਿੱਤਲ, (ਸੀ) ਸ਼੍ਰੀ ਰਾਜਨ ਮਿੱਤਲ ਪੁੱਤਰ ਸ਼੍ਰੀ ਬਾਲ ਕ੍ਰਿਸ਼ਨ ਮਿੱਤਲ, (ਡੀ) ਸ਼੍ਰੀ ਅਮਨ ਮਿੱਤਲ ਪੁੱਤਰ ਸ਼੍ਰੀ ਬਾਲ ਕ੍ਰਿਸ਼ਨ ਮਿੱਤਲ, ਸਾਰੇ ਵਾਸੀ ਮਕਾਨ ਨੰਬਰ 183, ਵਾਰਡ ਨੰਬਰ 4, ਆਦਰਸ਼ ਨਗਰ, ਗੁਰਦਾਸਪੁਰ-143521।	ਜ਼ਮੀਨ ਤੇ ਰਿਹਾਇਸ਼ੀ ਮਕਾਨ ਦੀ ਈ. ਐੱਮ. ਜੋ ਕਿ ਪਿੰਡ ਤੁਗਲਵਾਲ, ਹੱਦਬਸਤ ਨੰਬਰ 533, ਤਹਿਸੀਲ ਤੇ ਜ਼ਿਲਾ ਗੁਰਦਾਸਪੁਰ ਵਿਖੇ ਸਥਿਤ ਪਲਾਟ ਪੈਮਾਇਸ਼ 5 ਕਨਾਲ 17 ਮਰਲੇ 'ਤੇ ਬਣਿਆ ਹੋਇਆ ਹੈ। ਇਹ ਖੇਵਟ ਨੰਬਰ 411, ਖਤੌਨੀ ਨੰਬਰ 821, ਖਸਰਾ ਨੰਬਰ 31 ਆਰ/25/2 (1-17) ਅਤੇ ਖੇਵਟ ਨੰਬਰ 577, ਖਤੌਨੀ ਨੰਬਰ 1064, ਖਸਰਾ ਨੰਬਰ 50 ਆਰ/5/2 (7-0) ਰਕਬਾ 8 ਕਨਾਲ 17 ਮਰਲੇ ਵਿਚੋਂ 117/177 ਹਿੱਸਾ ਭਾਵ 5 ਕਨਾਲ 17 ਮਰਲੇ ਹੈ। ਇਹ ਸੇਲ ਡੀਡ ਨੰਬਰ 2094, ਬਹੀ ਨੰਬਰ 1, ਜਿਲਦ (ਬਾਈਡਿੰਗ) ਨੰਬਰ 536, ਪੰਨਾ ਨੰਬਰ 81, ਮਿਤੀ 04.02.2011 ਤਹਿਤ ਸ਼੍ਰੀਮਤੀ ਆਸ਼ਾ ਮਿੱਤਲ ਪਤਨੀ ਸ਼੍ਰੀ ਬਾਲ ਕ੍ਰਿਸ਼ਨ ਮਿੱਤਲ ਦੇ ਨਾਂ 'ਤੇ ਹੈ। ਹੱਦਬੰਦੀ : ਉੱਤਰ : ਸਾਂਝਾ ਰਸਤਾ, ਦੱਖਣ : ਖੇਤੀਬਾੜੀ ਜ਼ਮੀਨ, ਪੱਛਮ : ਦੋਵਾਂ ਪਾਸਿਆਂ ਦੇ ਨਾਲ ਲੱਗਦਾ ਸਾਂਝਾ ਰਸਤਾ ਅਤੇ ਹੋਰਾਂ ਦੀ ਖੇਤੀਬਾੜੀ ਜ਼ਮੀਨ, ਪੂਰਬ : ਸਾਂਝਾ ਰਸਤਾ। (ਰੈਫਰੈਂਸ ਨੰ. PUNB829500P75)	(ਏ) 17.05.2022 (ਬੀ) 34,11,022 ਰੁਪਏ 31.03.2022 ਨੂੰ+01.04.2022 ਤੋਂ ਅਗਲਾ ਵਿਆਜ (ਸੀ) 13.06.2024 (ਡੀ) ਦਸਤੀ	27/10/2026 From 11 AM to 4 PM / ਬੈਂਕ ਨੂੰ ਜਾਣਕਾਰੀ ਨਹੀਂ	A) Rs 35,52,000/- B) Rs 3,55,200/- C) Rs 50,000/-
2.	ਪੀ. ਐੱਨ. ਬੀ. ਏ. ਆਰ. ਐੱਮ. ਬੀ. ਪਠਾਨਕੋਟ (829500) (1) ਮੈਸਰਜ਼ ਜੇ. ਪੀ. ਇੰਡਸਟਰੀਅਲ ਕਾਰਪੋਰੇਸ਼ਨ (ਕਰਜ਼ਦਾਰ/ਮਾਰਟਗੇਜਰ) ਆਪਣੇ ਮਾਲਕ ਵਿਨੋਦ ਕੁਮਾਰ ਦੁੱਗਲ ਰਾਹੀਂ, ਓਹਰੀ ਗੇਟ ਦੇ ਬਾਹਰ, ਤਹਿਸੀਲ ਬਟਾਲਾ, ਜ਼ਿਲਾ ਗੁਰਦਾਸਪੁਰ, ਪਿਨ ਕੋਡ-143505, (2) ਸ਼੍ਰੀ ਵਿਨੋਦ ਕੁਮਾਰ ਦੁੱਗਲ ਪੁੱਤਰ ਹੀਰਾ ਲਾਲ (ਕਰਜ਼ਦਾਰ), ਵਾਸੀ ਮਕਾਨ ਨੰਬਰ 119, ਗ੍ਰੀਨ ਐਵੇਨਿਊ, ਸਰਕੂਲਰ ਰੋਡ, ਬਟਾਲਾ, ਗੁਰਦਾਸਪੁਰ, ਪੰਜਾਬ, ਪਿਨ-143505।	ਜ਼ਮੀਨ ਦਾ ਸਾਰਾ ਹਿੱਸਾ ਜੋ ਕਿ ਰੇਵੇਨਿਊ ਅਸਟੇਟ ਬਟਾਲਾ ਗਰਬੀ, ਤਹਿਸੀਲ ਬਟਾਲਾ, ਜ਼ਿਲਾ ਗੁਰਦਾਸਪੁਰ ਵਿਖੇ ਖਸਰਾ ਨੰਬਰ 896(1-11), 897(1-17) ਅਧੀਨ ਕੁੱਲ 3 ਕਨਾਲ 8 ਮਰਲੇ ਵਿਚੋਂ 32/68 ਹਿੱਸਾ ਭਾਵ 1 ਕਨਾਲ 12 ਮਰਲੇ ਹੈ। ਇਹ ਸੇਲ ਡੀਡ (ਵਸੀਕਾ) ਨੰਬਰ 2048, ਮਿਤੀ 30.06.1989 ਤਹਿਤ ਵਿਨੋਦ ਕੁਮਾਰ ਦੁੱਗਲ ਰਾਹੀਂ ਮੈਸਰਜ਼ ਜੇ. ਪੀ. ਇੰਡਸਟਰੀਅਲ ਕਾਰਪੋਰੇਸ਼ਨ ਦੇ ਨਾਂ 'ਤੇ ਹੈ, ਜੋ ਕਿ ਸਬ-ਰਜਿਸਟਰਾਰ ਬਟਾਲਾ ਦੇ ਦਫ਼ਤਰ ਵਿਖੇ ਰਜਿਸਟਰਡ ਹੈ। ਹੱਦਬੰਦੀ : ਉੱਤਰ : ਰੋਡ-6 ਕਰਮ (33'6"), ਦੱਖਣ : ਵਿਪਨ ਕੁਮਾਰ ਦੀ ਜਾਇਦਾਦ-6 ਕਰਮ (33'6"), ਪੱਛਮ : ਦੁੱਗਲ ਐਂਟਰਪ੍ਰਾਈਜ਼ਿਜ਼ ਦੀ ਜਾਇਦਾਦ-49 ਕਰਮ (269'6"), ਪੂਰਬ : ਮੈਸਰਜ਼ ਐੱਨ. ਏ. ਇੰਡਸਟਰੀ ਕਾਰਪੋਰੇਸ਼ਨ ਦੀ ਜਾਇਦਾਦ-46 ਕਰਮ (253')।	(ਏ) 04.06.2026 (ਬੀ) 25,33,154.13 ਰੁਪਏ 31.03.2026 ਨੂੰ+01.04.2026 ਤੋਂ ਅਗਲਾ ਵਿਆਜ (ਸੀ) 10.08.2026 (ਡੀ) ਸੰਕੇਤਕ	27/10/2026 From 11 AM to 4 PM / ਬੈਂਕ ਨੂੰ ਜਾਣਕਾਰੀ ਨਹੀਂ	A) Rs 84,66,000/- B) Rs 8,46,600/- C) Rs 50,000/-

ਨਿਯਮ ਤੇ ਸ਼ਰਤਾਂ : (1) ਵਿਕਰੀ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਵਿਚ ਨਿਰਧਾਰਤ ਨਿਯਮਾਂ ਤੇ ਸ਼ਰਤਾਂ ਅਤੇ ਹੇਠਾਂ ਦੱਸੀਆਂ ਹੋਰ ਵਾਧੂ ਸ਼ਰਤਾਂ ਅਨੁਸਾਰ ਹੋਵੇਗੀ। (2) ਜਾਇਦਾਦਾਂ ਦੀ ਵਿਕਰੀ 'ਜਿਵੇਂ ਹੈ ਜਿੱਥੇ ਹੈ', 'ਜੋ ਹੈ ਜਿਵੇਂ ਹੈ' ਅਤੇ 'ਜੋ ਵੀ ਆਧਾਰ ਹੋਵੇ' 'ਤੇ ਕੀਤੀ ਜਾਵੇਗੀ। (3) ਉੱਪਰ ਸ਼ਡਿਊਲ ਵਿਚ ਦੱਸੇ ਗਏ ਸਕਿਓਰਡ ਅਸਾਸਿਆਂ ਦੇ ਵੇਰਵੇ ਅਧਿਕਾਰਤ ਅਫਸਰ ਵਲੋਂ ਸਰਵਉੱਤਮ ਜਾਣਕਾਰੀ ਦੇ ਆਧਾਰ 'ਤੇ ਦਿੱਤੇ ਗਏ ਹਨ ਪਰ ਅਧਿਕਾਰਤ ਅਫਸਰ ਇਸ ਐਲਾਨ ਵਿਚ ਕਿਸੇ ਗਲਤੀ, ਗਲਤ ਬਿਆਨੀ ਜਾਂ ਭੁੱਲ ਲਈ ਜਵਾਬਦੇਹ ਨਹੀਂ ਹੋਵੇਗਾ। (4) ਜਾਇਦਾਦ (ਾਂ) ਉੱਪਰ ਕਿਸੇ ਵੀ ਭਾਰ ਬਾਰੇ ਬੈਂਕ/ਸਕਿਓਰਡ ਕ੍ਰੈਡਿਟਰ ਨੂੰ ਜਾਣਕਾਰੀ ਨਹੀਂ ਹੈ। ਅਧਿਕਾਰਤ ਅਫਸਰ ਜਾਂ ਬੈਂਕ ਨਿਲਾਮੀਸ਼ੁਦਾ ਜਾਇਦਾਦਾਂ ਦੇ ਮਾਮਲੇ 'ਚ ਸਰਕਾਰ ਜਾਂ ਕਿਸੇ ਵੀ ਹੋਰ ਵੱਲ ਕਿਸੇ ਚਾਰਜ, ਗ੍ਰਹਿਣ ਅਧਿਕਾਰ, ਭਾਰਾਂ ਜਾਂ ਕਿਸੇ ਹੋਰ ਬਕਾਏ ਲਈ ਜ਼ਿੰਮੇਵਾਰ ਨਹੀਂ ਹੋਵੇਗਾ। (5) ਹਿਤਬੱਧ ਬੋਲੀਦਾਤੇ ਨੂੰ ਸਲਾਹ ਹੈ ਕਿ ਉਹ ਵਿਧਾਨਕ ਦੇਣਦਾਰੀਆਂ, ਪ੍ਰਾਪਰਟੀ ਟੈਕਸ ਦੇ ਬਕਾਏ, ਬਿਜਲੀ ਦੇ ਬਕਾਏ, ਕਿਸੇ ਵੀ ਵਿਭਾਗ ਤੋਂ ਐੱਨ. ਓ. ਸੀ. ਫਾਰਮ ਆਦਿ ਸਮੇਤ ਜਾਇਦਾਦ ਉੱਪਰ ਭਾਰਾਂ ਸਬੰਧੀ ਸੁਤੰਤਰ ਤੌਰ 'ਤੇ ਜਾਂਚ ਕਰ ਲਵੇ। ਬਕਾਇਆ ਖਰਚਿਆਂ/ਬਿਜਲੀ ਦੇ ਬਿੱਲ, ਹਾਊਸ ਟੈਕਸ ਆਦਿ ਨੂੰ ਨਿਲਾਮੀ ਖਰੀਦਦਾਰ ਵੱਲੋਂ ਸਹਿਣ ਕੀਤਾ ਜਾਵੇਗਾ। (6) ਸਕਿਓਰਡ ਕ੍ਰੈਡਿਟਰ ਵਿਕਰੀ ਕੀਤੀ ਜਾਣ ਵਾਲੀ ਜਾਇਦਾਦ (ਾਂ) ਦੀ ਫਿਟਨੈੱਸ ਜਾਂ ਕੁਆਲਿਟੀ ਜਾਂ ਦੇਣਦਾਰੀ ਸਬੰਧੀ ਕਿਸੇ ਵੀ ਤਰ੍ਹਾਂ ਦੀ ਗਾਰੰਟੀ ਨਹੀਂ ਦੇਵੇਗਾ। (7) ਨਿਮਨਹਸਤਾਖਰੀ ਵਲੋਂ ਵਿਕਰੀ ਵੈੱਬਸਾਈਟ https://baanknet.com 'ਤੇ ਦਿੱਤੇ ਈ-ਨਿਲਾਮੀ ਪਲੇਟਫਾਰਮ ਰਾਹੀਂ 27.10.2026 ਨੂੰ ਸਵੇਰੇ 11 ਤੋਂ ਸ਼ਾਮ 4 ਵਜੇ ਦਰਮਿਆਨ ਉੱਪਰ ਦੱਸੇ ਸਮੇਂ 'ਤੇ ਕੀਤੀ ਜਾਵੇਗੀ। ਵਿਕਰੀ ਦੇ ਵਿਸਤ੍ਰਿਤ ਨਿਯਮ ਤੇ ਸ਼ਰਤਾਂ ਦੇਖਣ ਲਈ ਕਿਰਪਾ ਕਰ ਕੇ https://baanknet.com ਤੇ www.pnbindia.in ਦਾ ਹਵਾਲਾ ਲਵੋ। (8) ਰਾਖਵੀਂ ਕੀਮਤ ਤੋਂ ਵੱਧ ਘੱਟੋ-ਘੱਟ ਇਕ ਬੋਲੀ ਰਕਮ ਲਾਜ਼ਮੀ ਹੈ।

ਸਰਫੇਸੀ ਐਕਟ, 2002 ਦੇ ਰੂਲ 9(1) ਤਹਿਤ 15 ਦਿਨਾ ਵਿਧਾਨਕ ਵਿਕਰੀ ਨੋਟਿਸ

ਮਿਤੀ : :05.10.2026
ਸਥਾਨ : ਪਠਾਨਕੋਟ
ਅਧਿਕਾਰਤ ਅਫਸਰ, ਪੰਜਾਬ ਨੈਸ਼ਨਲ ਬੈਂਕ, ਸਕਿਓਰਡ ਕ੍ਰੈਡਿਟਰ